**Dr. Jaspal Kaur**
M.B.B.S., DGO
**ਡਾ. ਜਸਪਾਲ ਕੌਰ**
ਐਮ.ਬੀ.ਬੀ.ਐਸ., ਡੀ.ਜੀ.ਓ
ਫੋਨ ਨੰ: +91-172-2600455
5059283
Email : dhspunjab@gmail.com

GOVT OF PUNJAB

D.O. Letter No. ਐਨ.ਵੀ.ਬੀ.ਡੀ.ਸੀ.ਪੀ/੯੨੨
ਅ.ਸ. ਪੱਤਰ ਨੰ. ਪੰ/੧੧/1816-37

Director,
Health and Family Welfare, Punjab
ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ, ਪੰਜਾਬ
ਮਿਤੀ, ਚੰਡੀਗੜ੍ਹ 23/04/19
Dated, Chandigarh

**ਵਿਸ਼ਾ:-** **ਡੇਂਗੂ ਅਤੇ ਮਲੇਰੀਆ ਦੇ ਬਚਾਓ ਲਈ ਪੰਜਾਬ ਰਾਜ ਦੀਆਂ ਸਿਹਤ ਸੰਸਥਾਵਾਂ/ਦਫਤਰਾਂ ਵਿੱਚ ਹਫਤੇ ਦੇ ਹਰ ਸ਼ੁਕਰਵਾਰ ਨੂੰ ਡਰਾਈ ਡੇ ਰੱਖਣ ਦੇ ਸਬੰਧ ਵਿੱਚ।**

****

ਜਿਵੇਂ ਕਿ ਆਪ ਜੀ ਨੂੰ ਭਲੀਭਾਂਤ ਪਤਾ ਹੀ ਹੈ ਕਿ ਡੇਂਗੂ ਦਾ ਮੱਛਰ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ, ਜਿਵੇਂ ਕਿ ਕੂਲਰਾਂ, ਅਣ ਢੱਕੀਆਂ ਟੈਂਕੀਆਂ, ਫਰਿਜ਼ਾਂ ਦੀਆਂ ਵੇਸਟ ਪਾਣੀ ਦੀਆਂ ਟ੍ਰੇਆਂ, ਛੱਤਾਂ ਤੇ ਪਏ ਟੁਟੇ ਬਰਤਨਾਂ ਅਤੇ ਟਾਇਰਾਂ ਆਦਿ।

ਡੇਂਗੂ ਦੀ ਰੋਕਥਾਮ ਲਈ ਸਿਹਤ ਤੇ ਪਰਿਵਾਰ ਭਲਾਈ, ਵਿਭਾਗ, ਪੰਜਾਬ ਸਰਕਾਰ, ਨੇ ਪ੍ਰਣ ਲਿਆ ਹੈ ਕਿ ਡੇਂਗੂ ਦੇ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਹਫਤੇ ਦੇ ਹਰ ਸ਼ੁਕਰਵਾਰ ਦੇ ਦਿਨ ਸਰਕਾਰੀ ਦਫਤਰਾਂ ਵਿੱਚ **ਡਰਾਈ ਡੇ** ਘੋਸ਼ਿਤ ਕੀਤਾ ਜਾਵੇ ।ਭਾਵ ਕਿ ਦਫਤਰਾਂ ਵਿੱਚ ਹਰ ਸੁਕਰਵਾਰ ਨੂੰ ਕੂਲਰਾਂ ਨੂੰ ਸਾਫ ਕਰਕੇ ਸੁਕਾਇਆ ਜਾਵੇ,ਪਾਣੀ ਦੀਆਂ ਟੈਂਕੀਆਂ ਦੇ ਢੱਕਣ ਚੈਕ ਕੀਤੇ ਜਾਣ ਅਤੇ ਹੋਰ ਪਾਣੀ ਦੇ ਬਰਤਨਾਂ ਆਦਿ ਦੀ ਸਫਾਈ ਕੀਤੀ ਜਾਵੇ।ਇਸ ਲਈ ਆਪ ਅਪਣੇ ਅਧੀਨ ਆਉਂਦੇ ਸਿਹਤ ਸੰਸਥਾਵਾਂ/ਦਫਤਰਾਂ ਦੇ ਮੁਖੀਆਂ ਨੂੰ ਹਫਤੇ ਦੇ ਹਰ ਸ਼ੁਕਰਵਾਰ ਵਾਲੇ ਦਿਨ ਡਰਾਈ ਡੇ ਰੱਖਣ ਦੀਆਂ ਹਦਾਇਤਾਂ ਜਾਰੀ ਕਰੋਗੇ ਤਾਂ ਜੋ ਮੱਛਰਾਂ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ।

ਜੇਕਰ ਆਪ ਦੇ ਅਧੀਨ ਕਿਸੇ ਸਿਹਤ ਸੰਸਥਾ/ਦਫਤਰ ਵਿੱਚ ਚੈਕਿੰਗ ਦੌਰਾਨ ਮੱਛਰ ਦਾ ਲਾਰਵਾ ਪਾਇਆ ਜਾਂਦਾ ਹੈ, ਤਾਂ ਮਿਉਂਸਪਲ ਕਾਰਪੋਰੇਸ਼ਨ ਦੇ ਐਕਟ ਤਹਿਤ ਸਿਹਤ ਸੰਸਥਾ/ਦਫਤਰ ਦੇ ਮੁੱਖੀ ਦਾ ਚਲਾਨ ਕੀਤਾ ਜਾ ਸਕਦਾ ਹੈ ਅਤੇ ਇਸ ਐਕਟ ਦੀਆਂ ਧਰਾਵਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾ ਸਕਦੀ ਹੈ।ਇਸ ਲਈ ਡੇਂਗੂ ਅਤੇ ਮਲੇਰੀਆ ਦੇ ਬਚਾਓ ਤੇ ਰੋਕਥਾਮ ਲਈ ਆਪ ਦੇ ਅਧੀਨ ਸਿਹਤ ਸੰਸਥਾਵਾਂ ਵਿੱਚ ਇੱਕ ਅਧਿਕਾਰੀ ਨੂੰ ਨੋਡਲ ਅਫਸਰ ਬਣਾਇਆ ਜਾਵੇ, ਜੋ ਕਿ ਇਸ ਦੀ ਚੈਕਿੰਗ ਅਤੇ ਮੋਨੀਟ੍ਰਿੰਗ ਕਰੇਗਾ ਅਤੇ ਨਿਯੁਕਤ ਕੀਤੇ ਨੋਡਲ **ਅਫਸਰ ਦਾ ਨਾਮ, ਅਹੁਦਾ ਅਤੇ ਮੋਬਾਇਲ ਨੰਬਰ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ** ਜਾਵੇ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੀ ਕਿ ਜੇਕਰ ਤੁਸੀ ਡੇਂਗੂ ਦੇ ਬਚਾਓ ਤੇ ਰੋਕਥਾਮ ਲਈ ਉਪਰੋਕਤ ਹਦਾਇਤਾਂ ਆਪ ਦੇ ਅਧੀਨ ਸਾਰੀਆਂ ਸਿਹਤ ਸੰਸਥਾਵਾਂ/ਦਫਤਰਾਂ ਨੂੰ ਜਾਰੀ ਕਰੋਗੇ ਅਤੇ ਇਸ ਦਫਤਰ ਨੂੰ ਕੀਤੀ ਗਈ ਕਾਰਵਾਈ ਤੋ ਜਾਣੂ ਕਰਵਾਓਗੇ।

ਆਦਰ ਸਹਿਤ

ਹਿੱਤੂ

ਜਸਪਾਲ ਕੌ

(ਜਸਪਾਲ ਕੌਰ)

ਸਮੂਹ ਸਿਵਲ ਸਰਜਨ,
ਪੰਜਾਬ ਰਾਜ।